# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਮਾਨਸਾ।

**ਸੇਵਾ ਵਿਖੇ,**

ਪ੍ਰਿੰਸੀਪਲ/ਮੁੱਖ ਅਧਿਆਪਕ/ਸਕੂਲ ਮੁਖੀ,
ਸਮੂਹ ਸਰਕਾਰੀ/ਆਦਰਸ਼/ਮਾਡਲ/ਏਡਿਡ/ਪ੍ਰਇਵੇਟ/ਜੈ.ਐਨ.ਵੀ,
ਮਿਡਲ/ਹਾਈ/ਸੀ.ਸੈ. ਸਕੂਲ,
ਜਿਲਾ ਮਾਨਸਾ।
ਪੱਤਰ ਨੰ:/2018/ 2236 ਮਿਤੀ 04-04-2018

**ਵਿਸ਼ਾ:- ਈ-ਪੰਜਾਬ ਵੈੱਬ ਪੋਰਟਲ ਤੇ ਨਵੇ ਸ਼ੈਸਨ ਲਈ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨ ਸਬੰਧੀ ।**

ਉਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਨਵੇ ਸ਼ੈਸਨ ਦੇ ਅਰੰਭ ਹੋਣ ਕਰਕੇ ਈ-ਪੰਜਾਬ ਵੈਬ ਪੋਰਟਲ ਤੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕੀਤਾ ਜਾਣਾ ਹੈ। ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀ ਜਾਂਦੀਆ ਹਨ।

1) ਮੁੱਖ ਦਫਤਰ ਵੱਲੋ ਅਪਡੇਟ ਕਰਨ ਤੇ ਈ-ਪੰਜਾਬ ਵੈਬ ਪੋਰਟਲ ਉਤੇ ਇਸ ਸਮੇ ਕਿਸੇ ਵੀ ਕਲਾਸ ਵਿੱਚ ਕੋਈ ਵੀ ਵਿਦਿਆਰਥੀ ਨਹੀ ਹੈ। ਸੋ ਜਿੰਨਾਂ ਵਿਦਿਆਰਥੀਆ ਦੇ ਦਾਖਲੇ ਦਾਖਲਾ ਖਾਰਜ ਅਨੁਸਾਰ ਹੋ ਗਏ ਹਨ ਉਹਨਾਂ ਵਿਦਿਆਰਥੀਆਂ ਨੂੰ ਸਕੂਲ ਦੇ ਈ-ਪੰਜਾਬ ਅਕਾਊਟ ਵਿਚ Student ਮੋਡਿਊਲ ਵਿੱਚ "Promote to Next Class" ਲਿੰਕ ਤੇ ਜਾ ਕੇ Promote ਐਕਸ਼ਨ ਨਾਲ ਅਗਲੀ ਕਲਾਸ ਵਿੱਚ ਸ਼ਿਫਟ ਕਰ ਦਿੱਤਾ ਜਾਵੇ।
2) ਜੋ ਵਿਦਿਆਰਥੀ ਫੇਲ ਹੋਣ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਨਵੇ ਸ਼ੈਸਨ ਵਿੱਚ ਵੀ ਉਸੇ ਕਲਾਸ ਵਿੱਚ ਦੁਬਾਰਾ ਦਾਖਲ ਹੋਏ ਹਨ, ਉਹਨਾਂ ਨੂੰ Retain in Same class ਆਪਸ਼ਨ ਨਾਲ ਮੌਜੂਦਾ ਕਲਾਸ ਵਿੱਚ ਹੀ ਸ਼ਿਫਟ ਕਰ ਦਿੱਤਾ ਜਾਵੇ।
3) ਜੇਕਰ ਕਿਸੇ ਵਿਦਿਆਰਥੀ ਨੇ ਅਜੇ ਤੱਕ ਦਾਖਲਾ ਨਹੀ ਲਿਆ ਤਾਂ ਅਜਿਹੇ ਵਿਦਿਆਰਥੀਆਂ ਨੂੰ ਨਾ ਤਾ Promote ਕੀਤਾ ਜਾਵੇ ਅਤੇ ਨਾ ਹੀ Retain ਕੀਤਾ ਜਾਵੇ ਕਿਉਕਿ ਜਦ ਵੀ ਅਜਿਹੇ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਗੇ ਤਾਂ ਸਬੰਧਤ ਸਕੂਲ ਅਪਣੇ ਆਪ ਇਹਨਾਂ ਵਿਦਿਆਰਥੀਆਂ ਦਾ ਡਾਟਾ Fetch ਕਰ ਸਕੇਗਾ। ਇੰਜ ਹੀ ਸਕੂਲ ਦੀ ਆਖਰੀ ਕਲਾਸ (ਪ੍ਰਾਇਮਰੀ ਸਕੂਲ ਦੀ 5ਵੀ, ਮਿਡਲ ਸਕੂਲ ਦੀ 8ਵੀਂ, ਹਾਈ ਸਕੂਲ ਦੀ 10ਵੀਂ ਅਤੇ ਸੀ.ਸੈ. ਸਕੂਲ ਦੀ 12ਵੀਂ) ਦੇ ਵਿਦਿਆਰਥੀਆਂ ਦੇ ਡਾਟਾ ਬਾਰੇ ਕੋਈ ਐਕਸ਼ਨ (Promote ਜਾਂ Retain in same class ) ਨਾ ਲਿਆ ਜਾਵੇ।
4) ਇਸ ਸਬੰਧੀ ਸਮੂਹ ਸਕੂਲਾਂ ਦਾ ਵਿਦਿਆਰਥੀਆਂ ਦਾ ਡਾਟਾ ਅਨਲਾਕ ਕਰ ਦਿਤਾ ਗਿਆ ਹੈ।

**ਨੋਟ:- ਈ-ਪੰਜਾਬ ਵੈਬ ਪੋਰਟਲ ਤੇ ਵਿਦਿਆਰਥੀਆਂ ਦੇ ਆਧਾਰ ਨੰਬਰ 100% ਅਪਡੇਟ ਹੋਣੇ ਜਰੂਰੀ ਹਨ। ਜਿੰਨਾ ਵਿਦਿਆਰਥੀਆਂ ਦੇ ਆਧਾਰ ਕਾਰਡ 15 ਸਾਲ ਦੀ ਉਮਰ ਤੋਂ ਪਹਿਲਾਂ ਬਣੇ ਹਨ ਉਹਨਾਂ ਦੇ ਅਧਾਰ ਕਾਰਡ ਅਪਡੇਟ ਕਰਵਾਏ ਜਾਣ।**

ਸਮੁੱਚਾ ਕੰਮ 10 ਅਪ੍ਰੈਲ 2018 ਤੱਕ ਮੁਕੰਮਲ ਕਰ ਲਿਆ ਜਾਵੇ।

04/04/18

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ)
ਮਾਨਸਾ